ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,
ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 Website: www.ssapunjab.org

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ (ਈ-ਮੇਲ ਰਾਹੀਂ)
ਸਮੂਹ ਸਕੂਲ ਮੁਖੀ (ਵੈੱਬ-ਸਾਈਟ ਰਾਹੀਂ)
ਪੰਜਾਬ।

ਮੀਮੋ ਨੰ : ਸਸਅ/ਐਮਸੀ/2016/ 6154
ਮਿਤੀ : 11-04-2016

ਵਿਸ਼ਾ :- ਵਿੱਦਿਅਕ ਟੂਰ / excursion ਵਿਜ਼ਿਟ ਸਬੰਧੀ ਹਦਾਇਤਾਂ।

ਹਵਾਲਾ :- ਦਫ਼ਤਰ ਦੇ ਪੱਤਰ ਨੰ. ASPD/Plan/RMSA/2014/R00837-838 ਮਿਤੀ: 11.08.2014 ਦੀ ਲਗਾਤਾਰਤਾ ਵਿੱਚ।

1.0 ਉਪਰੋਕਤ ਸਬੰਧੀ ਸਮੇਂ ਸਮੇਂ ਤੇ ਪੰਜਾਬ ਸਰਕਾਰ ਵੱਲੋਂ ਜਾਂ ਸਿੱਖਿਆ ਵਿਭਾਗ ਵੱਲੋਂ ਸਕੂਲਾਂ ਦੇ ਵਿਦਿਆਰਥੀਆਂ ਨੂੰ excursion ਵਿਜ਼ਿਟ ਜਿਵੇਂ ਕਿ ਮੁੱਖ ਮੰਤਰੀ ਵਿਗਿਆਨ ਯਾਤਰਾ, ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ ਕਪੂਰਥਲਾ, ਹੋਰ ਵਿੱਦਿਅਕ ਟੂਰ ਆਦਿ ਜਿਸ ਵਿੱਚ ਵਿਦਿਆਰਥੀਆਂ ਨੂੰ ਆਪਣੇ ਸਕੂਲ/ਪਿੰਡ/ਸ਼ਹਿਰ ਤੋਂ ਦੂਰ ਲਿਜਾਇਆ ਜਾਂਦਾ ਹੈ ਤਹਿਤ ਵਿਭਾਗ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਨਿਰਦੇਸ਼ਾਂ ਤੋਂ ਇਲਾਵਾ ਹੇਠ ਲਿਖੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।

1) ਵਿਦਿਆਰਥੀ ਆਪਣੀ ਸਕੂਲ ਦੀ ਵਰਦੀ ਵਿੱਚ ਹੋਣੇ ਚਾਹੀਦੇ ਹਨ।
2) ਬੱਸ / ਵਾਹਨ ਦੇ ਚੱਲਣ ਵੇਲੇ ਵਿਦਿਆਰਥੀਆਂ ਦੀ ਹਾਜ਼ਰੀ ਇੱਕ ਰਜਿਸਟਰ ਵਿੱਚ ਮਾਰਕ ਕੀਤੀ ਜਾਵੇ ਅਤੇ ਵਿਦਿਆਰਥੀ ਨੂੰ ਉਸ ਦਾ ਲੜੀ ਨੰ. ਨੋਟ ਕਰਵਾਇਆ ਜਾਵੇ ਅਤੇ ਇਸ ਵਿੱਚ ਸਾਰੇ ਵਿਦਿਆਰਥੀ ਦੇ ਦਸਤਖ਼ਤ ਕਰਵਾਏ ਜਾਣ।
3) ਸਕੂਲ ਮੁੱਖੀ ਵੱਲੋਂ ਵਿੱਦਿਅਕ ਟੂਰ ਤੇ ਜਾਣ ਵਾਲੇ ਵਿਦਿਆਰਥੀਆਂ ਨਾਲ ਸਕੂਲ ਦੇ ਸੀਨੀਅਰ ਅਤੇ ਜਿੰਮੇਵਾਰ ਅਧਿਆਪਕ ਦੀ ਡਿਊਟੀ ਲਗਾਈ ਜਾਵੇ ਅਤੇ ਜੇਕਰ ਵਿੱਦਿਅਕ ਟੂਰ ਵਿੱਚ ਲੜਕੀਆਂ ਵੀ ਸ਼ਾਮਿਲ ਹਨ ਤਾਂ ਮਹਿਲਾ ਅਧਿਆਪਿਕਾ ਦਾ ਟੂਰ ਤੇ ਨਾਲ ਜਾਣਾ ਯਕੀਨੀ ਬਣਾਇਆ ਜਾਵੇ।
4) ਜਿਸ ਸਥਾਨ ਤੇ ਵਿੱਦਿਅਕ ਟੂਰ ਨੇ ਪਹੁੰਚਣਾ ਹੈ, ਉੱਥੇ ਪਹੁੰਚ ਕੇ ਸਮੇਂ-ਸਮੇਂ ਤੇ (ਜਿਵੇਂ ਕਿ ਨਾਸ਼ਤੇ ਵੇਲੇ, ਦੁਪਹਿਰ ਦੇ ਖਾਣੇ ਵੇਲੇ, ਸ਼ਾਮ ਦੀ ਚਾਹ ਵੇਲੇ, ਟੂਰ ਦੀ ਵਾਪਸੀ ਸਮੇਂ) ਵਿਦਿਆਰਥੀਆਂ ਦੀ ਹਾਜ਼ਰੀ ਲਗਾਈ ਜਾਵੇ।
5) ਅਨੁਸ਼ਾਸ਼ਨ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।
6) ਸਬੰਧਤ ਅਧਿਆਪਕ ਟੂਰ ਦੌਰਾਨ ਸਮੇਂ ਸਮੇਂ ਤੇ ਟੂਰ ਨਾਲ ਸਬੰਧਤ ਮਹੱਤਤਾ ਰੱਖਦੇ ਨੁਕਤਿਆਂ ਨੂੰ ਵਿਦਿਆਰਥੀਆਂ ਨੂੰ ਉਹਨਾਂ ਦੀ ਨੋਟ ਬੁੱਕ ਵਿੱਚ ਦਰਜ ਕਰਵਾਉਣਗੇ।

7) ਵਿੱਦਿਅਕ ਟੂਰ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਮਾਪਿਆਂ ਤੋਂ ਸਵੈ-ਘੋਸਣਾ ਲਈ ਜਾਵੇ ਕਿ ਉਹ ਟੂਰ ਲਈ ਬਣਾਏ ਗਏ ਨਿਯਮਾਂ ਦੇ ਪਾਬੰਦ ਰਹਿਣਗੇ ਅਤੇ ਸਕੂਲ ਮੁੱਖੀ ਸਵੈ-ਘੋਸ਼ਣਾ ਦੇ ਰੂਪ ਵਿੱਚ ਇਹ ਤਸਦੀਕ ਕਰੇ ਕਿ ਵਿੱਦਿਅਕ ਟੂਰ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਅਮਰਜੈਂਸੀ ਦੌਰਾਨ ਹਰ ਤਰ੍ਹਾਂ ਦੀ ਲੋੜੀਂਦੀ ਮਦਦ ਮੁਹਈਆ ਕਰਵਾਈ ਜਾਵੇਗੀ।

**2.0** ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ